# ARTINDER SANDHU DI KAAV SANVEDNA

## 'CHANANI DE DESH VICH' (CHAUNVI PARGEETAK KAVITA) DE SANDARBH VICH

# ਅਰਤਿੰਦਰ ਸੰਧੂ ਦੀ ਕਾਵਿ ਸੰਵੇਦਨਾ

## 'ਚਾਨਣੀ ਦੇ ਦੇਸ ਵਿਚ' (ਚੋਣਵੀਂ ਪ੍ਰਗੀਤਕ ਕਵਿਤਾ) ਦੇ ਸੰਦਰਭ ਵਿਚ

ਡਾ. ਮਨਜੀਤ ਕੌਰ (Dr. Manjeet Kaur)

ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ

ਪੰਜਾਬ ਯੂਨੀਵਰਸਿਟੀ ਰੀਜਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ (ਪੰਜਾਬ)

Email ID: manjeetmannu07@gmail.com ਮੋਬਾਈਲ: +91-98761-56679

**ਸਾਰ (Abstract)**

*ਸਮਾਜ ਦੀ ਬਿਹਤਰੀ ਲਈ ਸੋਚਣਾ ਅਤੇ ਸਮਾਜ ਦੇ ਲੋਕਾਂ ਦੀ ਭਲਾਈ ਲਈ ਕੁਝ ਅਜਿਹਾ ਕਰਨਾ ਜਿਸ ਨਾਲ ਪੜ੍ਹਨ, ਸੁਣਨ, ਕਰਨ ਜਾਂ ਵੇਖਣ ਵਾਲੇ ਮਨੁੱਖ ਨੂੰ ਚੰਗੀ ਦਿਸ਼ਾ ਮਿਲੇ ਵਰਗੀ ਸਮਾਜਕਤਾ ਉੱਤਮ ਹੈ। ਅਰਤਿੰਦਰ ਸੰਧੂ ਦੀ ਕਵਿਤਾ ਵਿਚੋਂ ਮਾਨਵੀ ਜੀਵਨ ਦੇ ਵਿਭਿੰਨ ਪਾਸਾਰਾਂ ਦੇ ਦੀਦਾਰ ਹੁੰਦੇ ਹਨ। ਜਿਸ ਵਿਚ ਸੰਧੂ ਬਹੁਤ ਹੀ ਗੰਭੀਰ, ਆਮ ਪਰ ਖਾਸ, ਇਤਿਹਾਸਕ ਵਿਰਸੇ ਦੇ ਵਿਭਿੰਨ ਪਹਿਲੂਆਂ, ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਪ੍ਰਤੀ ਚਿੰਤਾ ਜਾਹਰ ਕਰਦੀ ਹੈ, ਨਸ਼ਿਆਂ ਦੀ ਨੌਜਵਾਨਾਂ ਵਿਚ ਵਧਦੀ ਆਦਤ, ਆਰਥਿਕ ਸੰਕਟ, ਵਾਤਾਵਰਨ ਦੀ ਹਾਨੀ, ਕਿਸਾਨੀ ਲੁੱਟ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਰਾਜਸੀ ਕੂਟਨੀਤੀ, ਗਰੀਬ ਦੀ ਜ਼ਿੰਦਗੀ ਦੇ ਔਖੇ ਪੈਂਡੇ, ਨਾਰੀ ਮਨ ਦੀਆਂ ਗੁੰਝਲਾਂ, ਰੀਝਾਂ, ਭਾਵਨਾਵਾਂ ਅਤੇ ਅੰਤਰਦਵੰਦਾਂ ਨੂੰ ਆਪਣੀ ਕਵਿਤਾ ਦੀ ਧੀਮੀ ਸੁਰ ਵਿਚ ਸਹਿਜ ਸੁਭਾਅ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ। ਅਰਤਿੰਦਰ ਦੀਆਂ ਕਵਿਤਾਵਾਂ ਵਿਚੋਂ ਮਨੁੱਖ ਦੇ ਜੀਵਨ ਦੀ ਖ਼ੁਸ਼ੀ, ਗ਼ਮੀ, ਢਾਹੂ ਅਤੇ ਉਸਾਰੂ ਹਰ ਤਰ੍ਹਾਂ ਦੀ ਝਲਕ ਨੂੰ ਦੇਖਿਆ ਜਾ ਸਕਦਾ ਹੈ। ਸੰਧੂ ਕਾਵਿ ਮਨੁੱਖ ਨੂੰ ਆਪਣੇ ਅਸਲ ਜੀਵਨ ਉਦੇਸ਼ ਪ੍ਰਤੀ ਚੇਤਨ ਅਤੇ ਸੁਚੇਤ ਕਰਦਾ ਹੈ। ਉਹ ਵਿਸ਼ਵੀਕਰਨ ਦੀ ਚਕਾਚੌਂਧ ਵਿਚ ਸੰਵੇਦਨਾ ਦੇ ਖ਼ੁਰਦੇ ਜਾ ਰਹੇ ਅਹਿਸਾਸਾਂ ਦਾ ਬਿਆਨ ਕਰਦੀ ਹੋਈ ਮਾਨਵੀ ਚੇਤਨਾ ਨੂੰ ਹਲੂਣਾ ਦੇ ਕੇ ਜਗਾਉਣ ਅਤੇ ਮਾਨਵਤਾ ਦੀ ਬਿਹਤਰੀ ਲਈ ਯਤਨਸ਼ੀਲ ਰਹਿਣ ਦਾ ਸੁਨੇਹਾ ਦਿੰਦੀ ਹੈ। ਹੱਥਲੇ ਪੇਪਰ ਵਿਚ ਅਰਤਿੰਦਰ ਸੰਧੂ ਦੀ ਇਸੇ ਕਾਵਿ ਸੰਵੇਦਨਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।*

***ਕੀਵਰਡ (Keyword): ਅਰਤਿੰਦਰ ਸੰਧੂ, ਗਤੀਸ਼ੀਲਤਾ, ਸੁਰ, ਖਿਆਲ, ਚਾਨਣ, ਸਿੱਖਿਆ, ਜ਼ਿੰਦਗੀ, ਸਭਿਆਚਾਰ, ਦ੍ਰਿਸ਼ਟੀ, ਦ੍ਰਿਸ਼ਟੀਕੋਣ ।***

ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਅਰਤਿੰਦਰ ਸੰਧੂ ਦਾ ਨਾਂ ਕਿਸੇ ਜਾਣ ਪਛਾਣ ਦਾ ਮਹੁਤਾਜ ਨਹੀਂ। ਅਰਤਿੰਦਰ ਪੰਜਾਬੀ ਸਾਹਿਤ ਨਾਲ ਲੰਮੇ ਅਰਸੇ ਤੋਂ ਜੁੜੀ ਹੋਈ ਹੈ। ਕਵਿਤਾ ਦੇ ਖੇਤਰ ਵਿਚ ਉਸਨੇ ਬਹੁਤ ਨਿੱਗਰ ਯੋਗਦਾਨ ਪਾਇਆ ਹੈ। 'ਸਾਹਿਤਕ ਏਕਮ' ਮੈਗਜ਼ੀਨ ਦੇ ਸੰਪਾਦਕ ਵਜੋਂ ਕੰਮ ਕਰਕੇ ਵੀ ਸੰਧੂ ਪੰਜਾਬੀ ਸਾਹਿਤ ਦੀ ਸੇਵਾ ਲਗਾਤਾਰ ਕਰ ਰਹੀ ਹੈ। ਅਰਤਿੰਦਰ ਦੀ ਕਵਿਤਾ ਵਿਚ ਉਸਦੀ ਜ਼ਿੰਦਗੀ ਦੇ ਅਨੇਕ ਅਨੁਭਵਾਂ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਅਰਤਿੰਦਰ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਹੁਣ ਤਕ 'ਸਿਜਦੇ ਜੁਗਨੂੰਆਂ ਨੂੰ', 'ਸੰਪਦਨ', 'ਇਕ ਟੋਟਾ ਵਰੇਸ', 'ਏਕਮ ਦੀ ਫਾਂਕ', 'ਕਿਣ ਮਿਣ ਅੱਖਰ', 'ਸ਼ੀਸ਼ੇ ਦੀ ਜੂਨ', 'ਕਿਥੋਂ ਆਉਂਦੀ ਕਵਿਤਾ', 'ਕਦੇ ਕਦਾਈਂ', 'ਘਰ ਘਰ', 'ਆਪਣੇ ਤੋਂ ਆਪਣੇ ਤਕ', 'ਕਦੇ ਤਾਂ ਮਿਲ ਜ਼ਿੰਦਗੀ' ਅਤੇ 'ਵਿਚਲਾ ਮੌਸਮ', 'ਘਰ ਘਰ ਤੇ ਘਰ', ਮਿੱਟੀ ਦੀ ਗੌਰਵ ਗਾਥਾ (ਵਾਰਤਕ ਤੇ ਕਵਿਤਾ), ਮਨ ਦਾ ਮੌਸਮ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ 'ਮਨ ਦਾ ਪੰਛੀ' ਅਤੇ 'ਪੰਖੜੀਆਂ' ਪੁਸਤਕਾਂ ਕਾਵਿ ਅਨੁਵਾਦ ਦੇ ਖੇਤਰ ਵਿਚ ਪ੍ਰਕਾਸ਼ਿਤ ਕੀਤੀਆਂ ਹਨ। ਚਰਚਾ ਅਧੀਨ ਡਾ. ਮੋਹਨ ਸਿੰਘ ਤਿਆਗੀ ਦੁਆਰਾ ਸੰਪਾਦਿਤ ਅਰਤਿੰਦਰ ਸੰਧੂ ਦੀ ਚੋਣਵੀਂ ਪ੍ਰਗੀਤਕ ਕਵਿਤਾ 'ਚਾਨਣੀ ਦੇ ਦੇਸ ਵਿਚ' ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਅਰਤਿੰਦਰ ਸੰਧੂ ਨੇ ਮਨੁੱਖੀ ਜੀਵਨ ਦੇ ਵਿਭਿੰਨ ਪਸਾਰਾਂ ਨੂੰ ਵੱਖਰੇ-ਵੱਖਰੇ ਦ੍ਰਿਸ਼ਟੀਕੋਣ ਤੋਂ ਵਾਚਦੇ ਹੋਏ ਸੰਵੇਦਨਸ਼ੀਲ ਅਤੇ ਗੰਭੀਰ ਭਾਵਾਂ ਨਾਲ ਲਬਰੇਜ ਕਾਵਿ ਰਚਨਾ ਕੀਤੀ ਹੈ। ਅਰਤਿੰਦਰ ਦੇ ਕਾਵਿ ਨੂੰ ਪੜ੍ਹਦਿਆਂ ਉਸ ਵਿਚੋਂ ਵੱਖਰੀ ਅਤੇ ਨਿਵੇਕਲੀ ਸੁਰ ਰੂਪਮਾਨ ਹੁੰਦੀ ਹੈ। ਹੱਥਲੇ ਪੇਪਰ

ਵਿਚ ਅਰਤਿੰਦਰ ਸੰਧੂ ਦੀ ਕਵਿਤਾ ਵਿਚ ਮਾਨਵੀ ਸੰਵੇਦਨਾ ਦੇ ਵਿਭਿੰਨ ਪਸਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ।

*"ਉਸਦੀ ਕਵਿਤਾ ਪੜਾਅ ਦਰ ਪੜਾਅ ਜਿਵੇਂ-ਜਿਵੇਂ ਅੱਗੇ ਵਧਦੀ ਜਾਂਦੀ ਹੈ, ਉਸਦੀ ਸੁਰ ਹੋਰ ਵੀ ਗਹਿਰੀ ਅਤੇ ਗੰਭੀਰ ਹੁੰਦੀ ਜਾਂਦੀ ਹੈ। ਇਹ ਕਵਿਤਾ ਬਹੁਤੀ ਵਾਦ ਵਿਵਾਦ ਦੇ ਚੱਕਰ ਵਿਚ ਨਹੀਂ ਪੈਂਦੀ। ਇਸ ਵਿਚ ਮਨੁੱਖ ਦੇ ਭਾਵ ਸੰਸਾਰ ਅਤੇ ਅਵਚੇਤਨੀ ਪ੍ਰਵਾਹ ਦੀ ਇਕ ਮੁਕੰਮਲ ਤਸਵੀਰ ਉੱਭਰਦੀ ਦਿਖਾਈ ਦਿੰਦੀ ਹੈ। ਸ਼ਾਇਰਾ ਆਪਣੇ ਆਲੇ ਦੁਆਲੇ ਦੇ ਜਿਹੜੇ ਵੀ ਵਰਤਾਰੇ ਨੂੰ ਹੱਥ ਪਾਉਂਦੀ ਹੈ, ਉਹ ਇਸਨੂੰ ਬੌਧਿਕ ਅਤੇ ਭਾਵਾਤਮਕ ਪੱਧਰ ਤੇ ਪ੍ਰੀਭਾਸ਼ਤ ਕਰਨ ਦਾ ਯਤਨ ਕਰਦੀ ਹੈ। ਉਸਨੇ ਵਿਧਾਗਤ ਨੇਮਾਂ ਪੱਖੋਂ ਜ਼ਿਆਦਾਤਰ ਖੁੱਲ੍ਹੀ ਕਵਿਤਾ ਅਤੇ ਪ੍ਰਗੀਤਕ ਸ਼ਾਇਰੀ ਨੂੰ ਅਪਣਾਇਆ ਹੈ।"[1]*

ਹਰ ਮਨੁੱਖ ਅੰਦਰ ਵਿਕਾਸ ਦੇ ਰਾਹੇ ਪੈ ਅੱਗੇ ਵਧਦੇ ਰਹਿਣ ਦੀ ਚਾਹਤ ਹੁੰਦੀ ਹੈ। ਇਸ ਸੰਦਰਭ ਵਿਚ ਅਰਤਿੰਦਰ ਸੰਧੂ ਜ਼ਿੰਦਗੀ ਦੀ ਗਤੀਸ਼ੀਲਤਾ ਵਿਚ ਸੁੱਖ ਦੇ ਪਲਾਂ ਦੇ ਨਾਲ-ਨਾਲ ਜ਼ਿੰਦਗੀ ਵਿਚ ਦੁੱਖ ਭਰੇ ਪਲਾਂ ਦੀ ਵੀ ਅਹਿਮੀਅਤ ਨੂੰ ਸਵੀਕਾਰਦੀ ਹੈ। ਉਹ ਸਮਝਦੀ ਹੈ ਕਿ ਦੋਹਾਂ ਦਾ ਰਲਾ ਹੀ ਮਨੁੱਖ ਨੂੰ ਜੀਣ ਅਤੇ ਅੱਗੇ ਵਧਣ ਦੀ ਹੱਲਾਸ਼ੇਰੀ ਦਿੰਦਾ ਹੈ। ਦਰਿਆ ਕਵਿਤਾ ਵਿਚ ਉਹ ਮਾਨਵੀ ਜੀਵਨ ਨੂੰ ਦਰਿਆ ਵਰਗਾ ਸੁਭਾਅ ਅਪਣਾਉਣ ਦੀ ਗਲ ਕਰਦੀ ਹੈ। ਦਰਿਆ ਦਾ ਚਿੰਨ੍ਹ ਮਨੁੱਖੀ ਮਨ ਦੇ ਰੂਪ ਤੇ ਸੁਭਾ ਨੂੰ ਪ੍ਰਗਟ ਕਰਦਾ ਹੈ। ਮਾਨਵੀ ਜ਼ਿੰਦਗੀ ਦੇ ਉਲਝੇ ਤਾਣੇ ਬਾਣੇ ਦੀ ਸੁਰ ਅਲਾਪਦੀ ਕਵਿਤਾ 'ਮੇਰੇ ਗੀਤ ਰੋਕਦੇ ਨੇ ਮੈਨੂੰ' ਵਿਚ ਸੰਧੂ ਲਿਖਦੀ ਹੈ :-

*ਦੁੱਖਾਂ ਦਿਆਂ ਮੇਲਿਆਂ 'ਚ ਭੀੜ ਹੈ ਉਦਾਸੀਆਂ ਦੀ*
*ਭੁੱਖ ਦਿਆਂ ਮੋਢਿਆਂ ਤੇ ਪਿਆਸ ਹੱਥ ਰੱਖਦੀ*
*ਤੇਹ ਦੀਆਂ ਪੈਲੀਆਂ ਦੇ, ਖੱਪੇ ਸਾਰੇ ਭਰ ਜਾਣ*
*ਜਾਦੂ ਜਿਹਾ ਵਰ੍ਹਦਾ ਕਮਾਲ ਕਿੱਥੋਂ ਆਏਗਾ*[2]

ਅਰਤਿੰਦਰ ਜ਼ਿੰਦਗੀ ਦਾ ਨਿਰੰਤਰ ਅੱਗੇ ਵਧਦੇ ਰਹਿਣਾ ਲੋਚਦੀ ਹੈ। ਜਿਸ ਵਿਚ ਉਹ ਆਪੇ ਨੂੰ ਆਪ ਹੀ ਸਵਾਲ ਕਰਦੀ ਹੈ ਤੇ ਮਨ ਦੀਆਂ ਤਹਿਆਂ ਨੂੰ ਫਰੋਲਦੀ ਆਪ ਹੀ ਜਵਾਬ ਦੀ ਤਲਾਸ਼ ਕਰਦੀ ਹੈ। 'ਗੀਤਾਂ ਦੀ ਉਦਾਸ ਰੂਹੇ' ਕਵਿਤਾ ਵਿਚ ਕਵਿੱਤਰੀ ਜ਼ਿੰਦਗੀ ਦੀ ਨਿਰਾਸ਼ਤਾ ਨੂੰ ਖ਼ਤਮ ਕਰਨ ਲਈ ਉੱਦਮ ਕਰਕੇ ਅੱਗੇ ਵਧਣ ਅਤੇ ਰਲ ਮਿਲ ਕੇ ਹਿੰਮਤ ਨਾਲ ਕਿਸੇ ਮੁਕਾਮ ਨੂੰ ਹਾਸਿਲ ਕਰਨ ਦੀ ਗੱਲ ਬਹੁਤ ਢੁਕਵੇਂ ਸ਼ਬਦਾਂ ਵਿਚ ਕਰਦੀ ਹੈ।

*ਆਪਣਿਆਂ ਰੰਗਾਂ ਦੀ ਵੀ ਤਾਰ ਕਦੇ ਫੋਲ*
*ਪੱਤਝੜ ਦੀਆਂ ਤਹਿਆਂ 'ਚੋਂ ਬਹਾਰ ਕਦੇ ਟੋਲ*
*ਟੁੱਟੇ ਸਾਹਾਂ ਵਿਚ ਜ਼ਿੰਦਗੀ ਦਾ ਨਗ ਜੜੀਏ,*
*ਮੇਰੇ ਗੀਤਾਂ ਦੀ ਉਦਾਸ ਰੂਹੇ ਦੱਸ ਅੜੀਏ*
*ਕਿਵੇਂ ਜੀਣ ਵਾਲੀ ਸੁਰ ਅਸੀਂ ਹੱਥ ਫੜੀਏ*[3]

ਅਰਤਿੰਦਰ ਮਨ ਦੀ ਨਿਰਾਸ਼ਤਾ ਵਿਚ ਵੀ ਪਾਠਕ ਦੀ ਆਸ ਨੂੰ ਟੁੱਟਣ ਨਹੀਂ ਦਿੰਦੀ ਅਤੇ 'ਚੱਲ ਜਿੰਦੇ ਅੱਜ ਢੂੰਡਣ ਚੱਲੀਏ' ਕਵਿਤਾ ਵਿਚ ਜੀਣ ਲਈ ਆਸ ਦਾ ਪੱਲਾ ਫੜ ਕੇ ਨਿਰੰਤਰ ਚਲਦੇ ਰਹਿਣ ਦੀ ਬਾਤ ਪਾਉਂਦੀ ਲਿਖਦੀ ਹੈ:-

*ਚੱਲ ਜਿੰਦੇ ਅੱਜ ਢੂੰਡਣ ਚੱਲੀਏ*
*ਆਪਣੇ ਅਕਸ ਗੁਆਚੇ*
*ਹੱਸਦੇ ਹੱਸਦੇ ਕਿਰਦੇ ਕਿਰਦੇ*
*ਨਾਲੇ ਲੈ ਗਏ ਹਾਸੇ*
*ਚੱਲ ਜਿੰਦੇ ...*[4]

ਸੰਧੂ ਆਪਣਾ ਅਨੁਭਵ ਪੇਸ਼ ਕਰਦੀ ਦੱਸਦੀ ਹੈ ਕਿ ਮਨੁੱਖ ਨੂੰ ਆਪਣੇ ਮਨ ਦੇ ਖਿਆਲਾਂ ਨੂੰ ਐਵੇਂ ਬੇਲਗਾਮ ਇੱਧਰ ਉੱਧਰ ਵੀ ਨਹੀਂ ਭਟਕਣ ਦੇਣਾ ਚਾਹੀਦਾ। ਇਸ ਤਰ੍ਹਾਂ ਦੀ ਭਟਕਣਾ ਵਿਚ ਫਸ ਕੇ ਮਨੁੱਖ ਜ਼ਿੰਦਗੀ ਵਿਚ ਕਈ ਅਹਿਮ ਪੱਖਾਂ ਤੋਂ ਔਝਲ ਹੋ ਕੇ ਹੋਰ ਪਾਸੇ ਉਲਝ ਜਾਂਦਾ ਹੈ। ਖਿਆਲਾਂ ਦੀ ਬੇਤਰਤੀਬੀ ਮਨੁੱਖ ਨੂੰ ਅਨੇਮੀ ਤੇ ਤਰਤੀਬਹੀਨ ਬਣਾ ਸਕਦੀ ਹੈ। ਈਰਖਾ ਤੇ ਨਫ਼ਰਤ ਨੂੰ ਖ਼ਤਮ ਕਰਨ, ਦੁੱਖ ਨੂੰ ਦੂਰ ਕਰਨ, ਕਿਸੇ ਦੇ ਦੁੱਖ ਸੁੱਖ ਦੇ ਸਾਥੀ ਬਣਨ, ਲਗਾਤਾਰ ਘੁੰਮਣ ਘੇਰੀ ਵਿਚ ਪੈ ਚੁੱਕੀ ਜ਼ਿੰਦਗੀ ਨੂੰ ਮੁੜ ਇਕਸੁਰ ਕਰਨ ਦਾ ਸੁਨੇਹਾ ਦਿੰਦੀ ਅਰਤਿੰਦਰ ਲਿਖਦੀ ਹੈ:-

*ਨਫ਼ਰਤਾਂ ਦੇ ਰਾਗ ਵਿਚ*
*ਪੀੜਾਂ ਦੇ ਸੰਘਣੇ ਬਾਗ਼ ਵਿਚ*
*ਖਿੱਲਰ ਕੇ ਗੁੰਮੀ ਜ਼ਿੰਦਗੀ ਦਾ*
*ਤਾਣਾ ਬਾਣਾ ਫਿਰ ਬੁਣੋ... ਮੇਰੇ ਖ਼ਿਆਲੋ ...*[5]

ਨਿਰੰਤਰ ਹੋਰ ਲੋਕਾਂ ਦੀਆਂ ਕਮੀਆਂ ਪੇਸ਼ੀਆਂ ਅਤੇ ਚੰਗੇ ਮੰਦੇ ਨੂੰ ਚਿਤਾਰਨ ਦੀ ਥਾਂ ਮਨੁੱਖ ਨੂੰ ਆਪਣੇ ਆਪੇ ਬਾਰੇ ਵੀ ਸੋਚਣਾ ਚਾਹੀਦਾ ਹੈ। ਸਮਾਜ ਦੀ ਰਫ਼ਤਾਰ ਨਾਲ ਰਫ਼ਤਾਰ ਮੇਚਣ ਲਈ ਮਨੁੱਖ ਨੂੰ ਲਗਾਤਾਰ ਕੰਮ ਵਿਚ ਰੁੱਝੇ ਰਹਿ ਕੇ ਮਸ਼ੀਨ ਹੀ ਨਹੀਂ ਬਣ ਜਾਣਾ ਚਾਹੀਦਾ। ਜ਼ਿੰਦਗੀ ਦੀ

ਤਾਜ਼ਗੀ ਵਾਸਤੇ ਆਪੇ ਲਈ ਵੀ ਜੀਣਾ ਜ਼ਰੂਰੀ ਹੈ ਸਭ ਕੁਝ ਸਮਾਜਕਤਾ ਨੂੰ ਖੁਸ਼ ਕਰਨ ਲਈ ਨਹੀਂ ਕੀਤਾ ਜਾਣਾ ਚਾਹੀਦਾ। ਮਨ ਦੀ ਤਸੱਲੀ ਲਈ ਚੰਗੇ ਕਰਮ ਕਰਨ ਅਤੇ ਸ਼ਬਦਾਂ ਨਾਲ ਆਪੇ ਨੂੰ ਚੰਗਾ ਬਣਾਉਣ ਲਈ ਲਗਾਤਾਰ ਅਗਰਸਰ ਰਹਿਣਾ ਚਾਹੀਦਾ ਹੈ। ਅਰਤਿੰਦਰ ਇਸ ਪੱਖ ਤੋਂ ਬਹੁਤ ਸੋਹਣਾ ਹਲਾਵਾ ਦਿੰਦੀ ਲਿਖਦੀ ਹੈ:-

*ਮਨ ਦੀਏ ਭਰ ਭਰ ਵਗਦੀਏ ਨਦੀਏ*
*ਆਪਣੀ ਵੀ ਲੈ ਕੁਝ ਸਾਰ ਨੀ*
*ਭੁਰ ਭੁਰ ਦੁਖਣ ਕਿਨਾਰੇ ਤੇਰੇ*
*ਸਾਂਭ ਛੱਲਾਂ ਦੇ ਵਾਰ ਨੀ...*[6]

ਇਹ ਭੁਰ-ਭੁਰ ਕੇ ਖੁਰਨ ਤੋਂ ਭਾਵ ਹੋਰਾਂ ਨਾਲ ਈਰਖਾ ਜਾਂ ਮੁਕਾਬਲੇਬਾਜ਼ੀ ਵਾਲਾ ਰਵੱਈਆ ਤਿਆਗ ਕੇ ਮਨ ਦੀਆਂ ਛੱਲਾਂ ਨੂੰ ਚੰਗੇ ਪਾਸੇ ਨੇਕ ਅਮਲਾਂ ਵੱਲ ਲਗਾਉਣ ਤੋਂ ਹੈ ਕਿਉਂਕਿ ਉਲਝੇ ਮਨ ਨੂੰ ਕੋਈ ਨਿਸਚਿਤ ਥਾਂ ਟਿਕਾਣਾ ਦਿਸਣਾ ਔਖਾ ਹੁੰਦਾ ਹੈ ਅਤੇ ਮਨੁੱਖ ਅਜਿਹੇ ਹਾਲਾਤ ਵਿਚ ਦਵੈਖੁ ਤੇ ਨਫ਼ਰਤ ਦੀ ਭਾਵਨਾ ਵਿਚ ਹੀ ਗ੍ਰਸਿਆ ਰਹਿੰਦਾ ਹੈ। ਇਸ ਸੰਦਰਭ ਵਿਚ ਮਾਨਵੀ ਮਨ ਦੀਆਂ ਉਲਝਣਾ ਦਾ ਬਿਆਨ ਕਰਦੀ ਸੰਧੂ ਲਿਖਦੀ ਹੈ:-

*ਨਾ ਤਾ ਕਿਤੇ ਪਗਡੰਡੀ ਕੋਈ*
*ਨਾ ਚਾਨਣ ਦੀ ਦਿਸ਼ਾ ਹੀ ਕੋਈ*
*ਨਾ ਰਾਹੀ ਨਾ ਰਾਹ ਦਸੇਰਾ*
*ਨਾ ਪੁੱਛਣ ਲਈ ਵਿਸ਼ਾ ਹੀ ਕੋਈ*
*ਐਸੇ ਰੋਲ ਘਚੋਲੇ ਅੰਦਰ*
*ਸਮਝ ਨਾ ਆਈ ਕਿਧਰ ਜਾਵਾਂ...*[7]

ਸਾਡੇ ਸਮਾਜ ਸਭਿਆਚਾਰ ਦਾ ਵਰਤਾਰਾ ਅਜਿਹਾ ਹੈ ਜਿਸ ਵਿਚ ਮਨੁੱਖ ਸਮਾਜਿਕ ਕੀਮਤਾਂ ਨੂੰ ਨਿਭਾਉਂਦਾ ਨਿਭਾਉਂਦਾ ਕਈ ਵਾਰ ਆਪੇ ਦੇ ਵੀ ਵਿਰੁੱਧ ਚੱਲਣ ਲੱਗ ਪੈਂਦਾ ਹੈ ਅਰਥਾਤ ਜੀਵਨ ਚਾਲ ਵਿਚੋਂ ਉਸਦਾ ਆਪਾ ਖਾਰਜ ਹੋ ਜਾਂਦਾ ਹੈ। ਪਰ ਕਦੇ ਨਾ ਕਦੇ ਜਦੋਂ ਮਾਨਵ ਨੂੰ ਸੋਝੀ ਆਉਂਦੀ ਹੈ ਕਿ ਜਿਸ ਰਸਤੇ ਤੇ ਉਸਦਾ ਆਪਾ ਨਹੀਂ ਚੱਲਣਾ ਚਾਹੀਦਾ ਜਾਂ ਜੋ ਉਸਦੀ ਨਜ਼ਰ ਵਿਚ ਠੀਕ ਨਹੀਂ ਹੈ ਤੇ ਫਿਰ ਵੀ ਉਹ ਉਸ ਪਾਸੇ ਵੱਲ ਕਿਉਂ ਤੁਰ ਰਿਹਾ ਹੈ ਤਾਂ ਅਜਿਹੀ ਸਥਿਤੀ ਵਿਚ ਮਨੁੱਖ ਨੂੰ ਘੋਰ ਨਿਰਾਸ਼ਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਹ ਬਹੁਤ ਸਾਰਾ ਸਮਾਂ ਤੇ ਤਾਕਤ ਇਸ ਪਾਸੇ ਲਗਾ ਚੁੱਕਾ ਹੁੰਦਾ ਹੈ। ਅਰਤਿੰਦਰ ਮਨੁੱਖ ਦੇ ਅਜਿਹੇ ਸੁਭਾਅ ਵਾਲੇ ਵਤੀਰੇ ਪ੍ਰਤੀ ਚਿੰਤਾ ਜ਼ਾਹਰ ਕਰਦੀ ਹੈ ਕਿ ਕਿਉਂ ਬੰਦੇ ਨੂੰ ਕਈ ਵਾਰੀ ਨਾ ਚਾਹੁੰਦੇ ਹੋਏ ਵੀ ਸਮਾਜਕਤਾ ਨਿਭਾਉਣ ਲਈ ਬਹੁਤ ਸਾਰੇ ਕੰਮ ਅਜਿਹੇ ਕਰਨੇ ਪੈਂਦੇ ਹਨ ਜਿਨ੍ਹਾਂ ਨੂੰ ਕਰਨ ਲਈ ਉਸਦੀ ਜ਼ਮੀਰ ਹਾਮੀ ਨਹੀਂ ਭਰਦੀ। ਉਹ ਲਿਖਦੀ ਹੈ :-

*ਖ਼ੁਦ ਤੋਂ ਬੇਦਖ਼ਲੀ ਦੇ ਪਲ ਵਿਚ*
*ਜ਼ਿੰਦਗੀ ਤੈਨੂੰ ਕੀ ਵਰਚਾਵਾਂ*
*ਸਾਡੇ ਨਾਲ ਨਾ ਤੁਰਿਆ ਸਖੀਏ*
*ਸਾਡਾ ਆਪਣਾ ਹੀ ਪਰਛਾਵਾਂ*[8]

ਸਮਾਜ ਦੀ ਬਿਹਤਰੀ ਲਈ ਸੋਚਣਾ ਅਤੇ ਸਮਾਜ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਕੇ ਜਾਂ ਕੁਝ ਅਜਿਹਾ ਕਰਨਾ ਜਿਸ ਨਾਲ ਪੜ੍ਹਨ, ਸੁਣਨ, ਕਰਨ ਜਾਂ ਵੇਖਣ ਵਾਲੇ ਮਨੁੱਖ ਨੂੰ ਚੰਗੀ ਦਿਸ਼ਾ ਮਿਲ ਸਕਦੀ ਹੋਵੇ ਵਰਗੀ ਸਮਾਜਕਤਾ ਉੱਤਮ ਹੈ। ਪਰ ਅਜੋਕੇ ਪੂੰਜੀਵਾਦੀ ਦੌਰ ਵਿਚ ਹਰ ਕੋਈ ਹਰ ਹੀਲੇ ਆਪਣੇ ਆਪ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਅਤੇ ਸ਼ੁਹਰਤ ਖੱਟਣ ਦੀ ਦੌੜ ਵਿਚ ਲਗਾਤਾਰ ਦੌੜ ਰਿਹਾ ਹੈ। ਅਰਤਿੰਦਰ ਸਮਾਜਕ ਪੱਖ ਦਾ ਵਰਨਣ ਕਰਦੀ ਮਾਨਵੀ ਕੀਮਤਾਂ ਦੀ ਦਿਨ ਪ੍ਰਤੀ ਦਿਨ ਹੋ ਰਹੀ ਦੁਰਦਸ਼ਾ ਨੂੰ ਬਿਆਨ ਕਰਦੀ ਹੈ ਕਿ ਕਿਵੇਂ ਸਿਆਸੀ ਧੋਖੇਬਾਜ਼ੀ, ਰਿਸ਼ਵਤਖੋਰੀ, ਮਿਲਾਵਟਖੋਰੀ, ਆਪਸੀ ਵੈਰ ਵਿਰੋਧ, ਕਤਲੋਗਾਰਤ ਤੇ ਪੈਰ ਪੈਰ ਤੇ ਮਾਨਵਤਾ ਦੀ ਹਾਨੀ ਦਾ ਮਾਹੌਲ ਚਾਰੇ ਪਾਸੇ ਪਸਰਿਆ ਪਿਆ ਹੈ। ਰਿਸ਼ਤਿਆਂ ਦੀ ਬੇਕਦਰੀ, ਇਤਫ਼ਾਕ ਦਾ ਖ਼ਤਮ ਹੋਣਾ, ਮਤਲਬਪ੍ਰਸਤੀ ਦਾ ਵਧਣਾ, ਉਹ ਕਹਿੰਦੀ ਹੈ ਕਿ ਸਮਾਜ ਵਿਚ ਜਿਹੋ ਜਿਹਾ ਮਾਹੌਲ ਪਸਰ ਰਿਹਾ ਹੈ ਇਸ ਪਿੱਛੇ ਇਕ ਲੰਮੇ ਸਮੇਂ ਦੀ ਪੈੜਚਾਲ ਕੰਮ ਕਰ ਰਹੀ ਹੈ। ਜਿਵੇਂ ਉਦਯੋਗੀਕਰਨ ਦਾ ਵਿਕਾਸ ਨੌਕਰੀਆਂ ਦੇ ਖ਼ਤਮ ਕੀਤੇ ਜਾਣ ਦਾ ਸਾਧਨ ਹੈ ਇਸੇ ਤਰ੍ਹਾਂ ਹਰ ਖੇਤਰ ਵਿਚ ਤਕਨਾਲੋਜੀ ਦੀ ਘੁਸਪੈਠ ਨੇ ਮਨੁੱਖੀ ਹੋਂਦ ਨੂੰ ਹੀ ਖ਼ਤਮ ਕਰ ਇਕ ਦਿਨ ਖ਼ਤਰੇ ਵਿਚ ਪਾ ਦੇਣਾ ਹੈ। ਆਰਟੀਫੀਸ਼ਿਅਲ ਇੰਨਟੈਲੀਜੈਂਸੀ ਦੇ ਅਜੋਕੇ ਦੌਰ ਨੇ ਮਨੁੱਖ ਨੂੰ ਹੱਥੀ ਕਿਰਤ ਕਰਨ ਤੋਂ ਲਗਭਗ ਵਿਹਲਾ ਕਰ ਦਿੱਤਾ ਹੈ ਅਤੇ ਇੰਟਰਨੈੱਟ ਤੇ ਸਮਾਰਟਫੋਨ ਨੇ ਉਸਨੂੰ ਫਾਲਤੂ ਕੰਮ ਗਵਾਊ ਰੁਚੀਆਂ ਵੱਲ ਧੱਕਿਆ ਹੈ ਜਿਸ ਨਾਲ ਅਜੋਕਾ ਮਨੁੱਖ ਕੰਮ ਕਾਰ ਨਾ ਹੋਣ ਦੀ ਸੂਰਤ ਵਿਚ ਵੀ ਵਿਅਸਤ ਹੀ ਰਹਿੰਦਾ ਹੈ। ਅਰਤਿੰਦਰ ਇਸ ਬਹੁਤ ਹੀ ਚਿੰਤਾਜਨਕ ਵਰਤਾਰੇ ਪ੍ਰਤੀ ਘੋਰ ਨਿਰਾਸ਼ਾ ਪ੍ਰਗਟ ਕਰਦੀ ਹੈ। ਉਹ ਪੁਰਾਣੇ ਸਮਾਜ ਸਭਿਆਚਾਰ ਦੇ ਹੱਥੀਂ ਕਿਰਤ ਕਮਾਈ ਕਰਕੇ ਖਾਣ ਵਾਲੇ ਵਰਤਾਰੇ ਨੂੰ ਮੋੜ ਲਿਆਉਣ ਦੀ ਖ਼ਾਹਿਸ਼ ਜਾਹਰ ਕਰਦੀ ਹੈ। ਜਿਸ ਨਾਲ ਜ਼ਿੰਦਗੀ ਦੇ ਰੰਗ ਮੁੜ ਆਉਣ ਅਤੇ ਸਮਾਜ ਸਭਿਆਚਾਰਕ ਪੱਖ ਤੋਂ ਵਾਤਾਵਰਨ ਸੁਖਾਲਾ ਬਣ ਸਕੇ। ਅਰਤਿੰਦਰ ਲਿਖਦੀ

ਹੈ :-

*ਇਸ ਧਰਤੀ ਦੇ ਪੀਂਘ ਪੰਘੂੜੇ*

*ਕਿਧਰ ਗਏ ਵਿਹਾਅ*

*ਮਨ ਅੰਬਰੀ ਦੀ ਸਤਰੰਗੀ ਨੂੰ*

*ਵੇਲਾ ਪੂੰਝ ਗਿਆ* [9]

ਇਤਿਹਾਸ ਗਵਾਹ ਹੈ ਕਿ ਸਮਾਜ ਵਿਚ ਜਦੋਂ ਜਦੋਂ ਜ਼ੁਲਮ ਵਧਦਾ ਰਿਹਾ ਹੈ ਉਸ ਨੂੰ ਠੱਲ ਪਾਉਣ ਲਈ ਕੁਦਰਤ ਦਾ ਕੋਈ ਅਜਿਹਾ ਵਰਤਾਰਾ ਜ਼ਰੂਰ ਵਾਪਰਿਆ ਹੈ ਜਿਸ ਨੇ ਸਾਰੇ ਉਲਝੇ ਮਾਹੌਲ ਨੂੰ ਦਿਸ਼ਾ ਦਿਖਾ ਨਵੇਂ ਚਿੰਨ੍ਹ ਪੈਰ ਦੇ ਜਾਣੇ ਹੁੰਦੇ ਹਨ। ਇਸ ਪੱਖੋਂ ਅਰਤਿੰਦਰ ਸੰਧੂ ਵੀ ਵਰਤਮਾਨ ਦੌਰ ਵਿਚ ਦਿਨ ਪ੍ਰਤੀ ਦਿਨ ਹੋ ਰਹੀ ਮਾਨਵੀ ਕੀਮਤਾਂ ਦੀ ਗਿਰਾਵਟ ਤੋਂ ਚਿੰਤਿਤ ਨਜ਼ਰ ਆਉਂਦੀ ਹੈ ਅਤੇ ਨਾਲ ਹੀ ਅਜਿਹੇ ਪਾਸਾਰ ਤੋਂ ਬਚਾਅ ਲਈ ਕੁਦਰਤ ਦੁਆਰਾ ਆਪਣੀ ਤਾਕਤ ਨਾਲ ਕਿਸੇ ਅਜਿਹੇ ਰੂਹਾਨੀ ਅਵਤਾਰ ਦੇ ਦੁਨੀਆਂ ’ਤੇ ਪ੍ਰਗਟ ਹੋਣ ਨਾਲ ਸਭ ਇਕਸਾਰ ਕਰਨ ਵਾਲੇ ਨਿਯਮ ’ਤੇ ਵਿਸ਼ਵਾਸ ਪ੍ਰਗਟ ਕਰਦੀ ਲਿਖਦੀ ਹੈ:-

*ਕਦੇ ਕਦਾਈਂ ਚਾਨਣ ਜੁੜਦੇ*

*ਬੰਦੇ ਦੇ ਆਕਾਰ ਵਿਚ*

*ਨਾਨਕ ਬਣ ਕੇ ਉੱਤਰਦੇ ਫਿਰ*

*ਸਮਿਆਂ ਦੇ ਪਾਸਾਰ ਵਿਚ* [10]

ਅਜੋਕੇ ਆਧੁਨਿਕੀਕਰਨ, ਪੱਛਮੀਕਰਨ ਅਤੇ ਉਦਯੋਗੀਕਰਨ ਦੇ ਯੁੱਗ ਵਿਚ ਦੇਸ਼ ਵਿਚ ਸਿਰਫ਼ ਅੰਗਰੇਜ਼ੀ ਭਾਸ਼ਾ ਨੂੰ ਹੀ ਸਿੱਖਿਆ ਤੇ ਵਿਕਾਸ ਦਾ ਇਕੋ ਇਕ ਰਾਹ ਮੰਨਿਆ ਜਾ ਰਿਹਾ ਹੈ ਤੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਨੂੰ ਪੜ੍ਹਨ ਅਤੇ ਪੜ੍ਹਾਉਣ ਪ੍ਰਤੀ ਓਨੀ ਤਰਜੀਹ ਨਹੀਂ ਦਿੱਤੀ ਜਾ ਰਹੀ ਜਿੰਨੀ ਦਿੱਤੀ ਜਾਣੀ ਬਣਦੀ ਹੈ। ਇਸ ਨਾਲ ਮਾਂ ਬੋਲੀ ਪੰਜਾਬੀ ਨੂੰ ਭਾਰੀ ਢਾਹ ਲੱਗ ਰਹੀ ਹੈ। ਇਸ ਲਈ ਜਿੱਥੇ ਸਾਡਾ ਸਰਕਾਰੀ ਤੰਤਰ ਮੁੱਖ ਰੂਪ ਵਿਚ ਜ਼ਿੰਮੇਵਾਰ ਹੈ ਉੱਥੇ ਪੰਜਾਬੀ ਲੋਕ ਵੀ ਆਪਣੀ ਮਾਂ ਬੋਲੀ ਪ੍ਰਤੀ ਅਲਗਾਵ ਵਾਲਾ ਰਵੱਈਆ ਪ੍ਰਗਟ ਕਰਦੇ ਦਿਖਾਈ ਦੇ ਰਹੇ ਹਨ। ਹਰ ਪਹਿਲੇ ਵਿਅਕਤੀ ਵੱਲੋਂ ਦੂਜੇ ਵਿਅਕਤੀ ’ਤੇ ਮਾਂ ਬੋਲੀ ਨੂੰ ਬੋਲਣ ਤੇ ਵਰਤਣ ਦੀ ਜ਼ਿੰਮੇਵਾਰੀ ਪਾਈ ਜਾ ਰਹੀ ਹੈ ਜਿਸ ਨਾਲ ਪੰਜਾਬੀ ਮਾਂ ਬੋਲੀ ਦਾ ਰੂਪ ਤੇ ਸਰੂਪ ਦਿਨੋ-ਦਿਨ ਨਿਘਾਰ ਵੱਲ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਅਰਤਿੰਦਰ ਸਾਰੇ ਪੰਜਾਬੀ ਸਮਾਜ ਸਭਿਆਚਾਰ ਲਈ ਮਾਂ ਬੋਲੀ ਪ੍ਰਤੀ ਮਤਰੇਆਂ ਵਾਲਾ ਵਿਵਹਾਰ ਕੀਤੇ ਜਾਣ ਪ੍ਰਤੀ ਚਿੰਤਾਮਈ ਸੁਰ ਵਿਚ ਲਿਖਦੀ ਹੈ:-

*ਸਾਡੀ ਸੋਹਣੀਏ ਰਕਾਨੇ ਮਾਂ ਬੋਲੀਏ ਨੀ*

*ਧੀਆਂ ਪੁੱਤਾਂ ਦੀ ਵਿਸਾਰੀ ਅਣਘੌਲ਼ੀਏ ਨੀ*

*ਤੂੰ ਮੈਂ ਮਿੱਟੀ ਨਾਲ ਜੁੜੀ ਤੇ ਪੰਜਾਬ ਦੀ ਪੰਜਾਬੀ*

*ਇਹਦੇ ਦੁੱਖਾਂ, ਸੁੱਖਾਂ ਕਥਾ ਤੇ ਕਹਾਣੀਆਂ ਦੀ ਚਾਬੀ*

*ਠੱਪੇ ਧਰਮਾਂ ਦੇ ਲੱਗੇ ਤੇਰੀ ਚੀਰ ਫਾੜ ਹੋਈ*

*ਇਸ ਸੋਚ ਵਾਲੇ ਵਰਕੇ ਨੂੰ ਫੋਲੀਏ ਨੀ ... ਸਾਡੀ...* [11]

ਅਰਤਿੰਦਰ ਸਾਰੀ ਮਾਨਵਤਾ ਦੀ ਸੁੱਖ ਸ਼ਾਂਤੀ ਦੀ ਕਾਮਨਾ ਕਰਦੀ ਹੈ। ਮਨ ਦੀ ਉਦਾਸੀ ਪਿੱਛੇ ਕਿਸੇ ਨਾ ਕਿਸੇ ਕਾਰਨ ਦੀ ਸ਼ਮੂਲੀਅਤ ਜ਼ਰੂਰ ਹੁੰਦੀ ਹੈ। ਯਾਦਾਂ ਦੀ ਸੁੰਦਰਤਾ ਵਿਚ ਜੀਵਨ ਦੇ ਕਈ ਰੰਗ ਭਰੇ ਪਏ ਹੁੰਦੇ ਹਨ। ‘ਡਾਇਰੀ ਦੇ ਪੰਨੇ’ ਕਵਿਤਾ ਦੀ ਸਿਰਜਣਾ ਲਾਜਵਾਬ ਹੈ। ਜਿਸ ਵਿਚ ਅਤੀਤੀ ਜੀਵਨ ਪ੍ਰਤੀ ਦ੍ਰਿਸ਼ਟੀਗੋਚਰ ਹੋਏ ਮਾਨਵੀ ਸੁਭਾਅ ਦੇ ਸੱਚ ਦੀ ਪਛਾਣ ਕੀਤੀ ਜਾ ਸਕਦੀ ਹੈ।

*ਪੰਨੇ ਜਦ ਵੀ ਡਾਇਰੀ ਦੇ ਪਲਟਾਏ ਜਾਂਦੇ ਨੇ*

*ਪਲਾਂ ਛਿਣਾਂ ਵਿਚ ਸਭ ਅਹਿਸਾਸ ਦੁਹਰਾਏ ਜਾਂਦੇ ਨੇ*

*ਅੱਖਰਾਂ ਪਿੱਛੇ ਸੁੱਤੀ ਹੋਈ ਦੁਨੀਆਂ ਦੇ*

*ਹਰ ਪੰਨੇ ਨਾਲ ਸਭ ਪਰਦੇ ਸਰਕਾਏ ਜਾਂਦੇ ਨੇ*

*ਅੰਦਰ ਪਏ ਬੇਹੋਸ਼ ਤਿਤਲੀਆਂ, ਤਾਰੇ, ਫੁੱਲ*

*ਇਕੋ ਨਜ਼ਰ ਦੀ ਛੋਹ ਦੇ ਨਾਲ ਜਿਵਾਏ ਜਾਂਦੇ ਨੇ*

*ਜਾਗਣ ਨੂੰ ਬੇਚੈਨ ਉਬਾਲ ਕਈ ਮਨ ਦੇ*

*ਛਿੱਟੇ ਦੇ ਕੇ ਤਰਕ ਦੇ ਸ਼ਾਂਤ ਕਰਾਏ ਜਾਂਦੇ ਨੇ*

*ਸੁੱਤੇ ਜ਼ਖ਼ਮ ਤਾਂ ਕੋਸ਼ਿਸ਼ ਨਾਲ ਉਚੇੜੇ ਜਾਣ*

*ਅੱਲੇ ਸਾਰੇ ਵਾਰੋ ਵਾਰ ਦੁਖਾਏ ਜਾਂਦੇ ਨੇ*

*ਸਦਾ ਹੀ ਜੋ ਪਲ ਪਿਆਸੇ ਚੁੱਪ ਖਲੋਤੇ ਰਹਿਣ*

*ਹਰ ਇਕ ਵਾਰੀ ਓਹੀ ਫੇਰ, ਤਿਹਾਏ ਜਾਂਦੇ ਨੇ* [12]

ਕਵਿੱਤਰੀ ਚੁੱਪ ਦੇ ਆਲਮ ਨੂੰ ਚਿਤਰਦੀ ਲਿਖਦੀ ਹੈ ਕਿ ਕਿਵੇਂ ਕਿਸੇ ਦੀ ਚੁੱਪ ਪਿੱਛੇ ਕਿੰਨੀਆਂ ਡੂੰਘੀਆਂ ਪੀੜਾਂ ਛਿਪੀਆਂ ਪਈਆਂ ਹੁੰਦੀਆਂ ਹਨ ਜਿਸ ਵਿਚ ਹਉਕੇ, ਸਿਸਕੀਆਂ, ਦੱਬੀ ਹੋਈ ਚੁੱਪ ਪਿੱਛੇ ਲੁਕੇ ਦੁੱਖ ਅਤੇ ਚੁੱਪ ਪਿੱਛੇ ਜ਼ਿੰਦਗੀ ਦਾ ਕੋਈ ਗਹਿਰਾ ਛਿਪਿਆ ਰਾਜ਼ ਵੀ ਹੋ ਸਕਦਾ ਹੈ। ਇਸ ਪਿੱਛੇ ਕਿਸੇ ਉੱਚ ਵਿਸ਼ਵਾਸ ਦੀ ਤਨਜ਼ ਵੀ ਹੈ। ਚੁੱਪ ਕੁਝ ਵਿਅਕਤੀਆਂ ਲਈ ਹਮਰਾਜ਼ ਹੈ।

ਦਰਦ ਤੇ ਦੁੱਖ ਨੂੰ ਚੁੱਪ ਕਰ ਸਹਿਣ ਦਾ ਵੀ ਆਪਣਾ ਅੰਦਾਜ਼ ਹੈ। ਅਰਤਿੰਦਰ ਸੰਧੂ ਦੁਆਰਾ ਚੁੱਪ ਦੇ ਇਸ ਬਹੁ-ਪਸਾਰੀ ਵੇਗ ਨੂੰ ਕਲਮਬੱਧ ਕਰਨ ਦਾ ਅੰਦਾਜ਼ ਲਾਜਵਾਬ ਹੈ ਜਿਸ ਵਿਚ ਉਹ ਚੁੱਪ ਦੇ ਸਾਰੇ ਪਸਾਰਾਂ ਨੂੰ ਸਹਿਜ ਸੁਭਾਅ ਬੜੀ ਸਰਲਤਾ ਤੇ ਰਵਾਨਗੀ ਨਾਲ ਪਰਤ ਦਰ ਪਰਤ ਖੋਲ੍ਹਦੀ ਜਾਂਦੀ ਹੈ। ਕਵਿੱਤਰੀ ਚੁੱਪ ਨੂੰ ਜ਼ਿੰਦਗੀ ਦਾ ਆਗਾਜ਼ ਮੰਨਦੀ ਹੈ ਉਹ ਲਿਖਦੀ ਹੈ:-

*ਚੁੱਪ ਦੇ ਇਸ ਬੰਦ ਮੈਖ਼ਾਨੇ ਵਿਚ*
*ਇਕ ਹੌਕੇ ਦੀ ਆਵਾਜ਼ ਵੀ ਹੈ*
*ਸੁਬਕਣ ਵਰਗੀ ਤਰਜ਼ ਵੀ ਹੈ*
*ਤੇ ਸਿਸਕੀ ਵਰਗਾ ਸਾਜ਼ ਵੀ ਹੈ*
*ਦੱਬੀ ਦੱਬੀ ਚੁੱਪ ਧੁਖਦੀ ਏ*
*ਅਹਿਸਾਸਾਂ ਦਾ ਬੱਦਲ ਬਣਦਾ*
*ਅੰਦਰ ਆਪਣੇ ਭਰ ਭਰ ਵੱਸਦਾ*
*ਤੇ ਵੱਸਦਾ ਬੇ-ਆਵਾਜ਼ ਵੀ ਹੈ।*[13]

ਇਸ ਧਰਤੀ ਤੇ ਵੱਖ ਵੱਖ ਸੁਭਾਅ, ਵਰਤਾਰੇ ਅਤੇ ਵਤੀਰੇ ਵਾਲੇ ਲੋਕ ਵੱਸਦੇ ਹਨ। 'ਕੁਝ ਫੁੱਲ' ਕਵਿਤਾ ਵਿਚ ਅਰਤਿੰਦਰ ਜ਼ਿੰਦਗੀ ਦੇ ਸੁਖਾਵੇਂ ਅਤੇ ਅਣਸੁਖਾਵੇਂ ਵਰਤਾਰੇ ਨੂੰ ਚਿਤਰਦੀ ਹੈ। ਮਾਨਵੀ ਮਨ ਹਰ ਖੇਡ ਤੇ ਮੈਦਾਨੇ ਜੰਗ ਵਿਚ ਜਿੱਤ ਜਾਂਦਾ ਹੈ ਪਰ ਅਕਸਰ ਆਪਣੇ ਹੀ ਆਪੇ ਤੋਂ ਹਾਰ ਖਾ ਜਾਂਦਾ ਹੈ। ਇਸ ਸੰਸਾਰ ਵਿਚ ਕੁਝ ਮਾਨਵੀ ਰੂਹਾਂ ਅਜਿਹੀਆਂ ਹਨ ਜੋ ਹਰ ਹਾਲਤ ਵਿਚ ਖੁਸ਼ ਰਹਿਣਾ ਸਿੱਖ ਜਾਂਦੀਆਂ ਹਨ ਪਰ ਕੁਝ ਲੋਕ ਹਰ ਪ੍ਰਕਾਰ ਦੀ ਸੁੱਖ ਸੁਵਿਧਾ ਦੇ ਬਾਵਜੂਦ ਵੀ ਨਾਖੁਸ਼ੀ ਅਤੇ ਪ੍ਰੇਸ਼ਾਨੀ ਦੇ ਆਲਮ ਵਿਚ ਰਹਿੰਦੇ ਹਨ। ਅਜਿਹੇ ਲੋਕ ਆਪ ਜਿਉਂਦੇ ਨਹੀਂ ਅਤੇ ਦੂਜਿਆਂ ਨੂੰ ਜਿਉਣ ਨਹੀਂ ਦਿੰਦੇ। ਪਰੰਤੂ ਥੋੜ੍ਹੇ ਵਿਚ ਹੀ ਖੁਸ਼ ਰਹਿਣ ਵਾਲੇ ਲੋਕ ਆਪ ਜਿੱਥੇ ਹਰ ਸਥਿਤੀ ਵਿਚ ਸੰਤੁਸ਼ਟ ਰਹਿੰਦੇ ਹਨ ਉੱਥੇ ਹੋਰ ਲੋਕਾਂ ਨੂੰ ਵੀ ਹਮੇਸ਼ਾ ਸਾਕਾਰਾਤਮਕ ਆਵੇਗ ਹੀ ਪ੍ਰਦਾਨ ਕਰਦੇ ਹਨ। ਅਜਿਹੇ ਸੁਗੰਧਿਤ ਫੁੱਲਾਂ ਵਰਗੇ ਵਿਅਕਤੀਆਂ ਬਾਰੇ ਅਰਤਿੰਦਰ ਲਿਖਦੀ ਹੈ:-

*ਕੁਝ ਫੁੱਲ ਸਿਖ਼ਰ ਦੁਪਹਿਰੇ ਖਿੜਦੇ*
*ਭਰ ਭਰ ਚਾਨਣ ਪੀਂਦੇ*
*ਸ਼ਾਮਾਂ ਤੇ ਨਾ ਰਾਤਾਂ ਦਾ ਡਰ*
*ਬੁੱਕਾਂ ਭਰ ਭਰ ਜੀਂਦੇ*
*ਬੰਨ੍ਹ ਕੇ ਰੱਖਦੇ ਨੁੱਕਰੇ ਦਿਲ ਦੀ*
*ਹਿੱਸੇ ਆਏ ਹਨੇਰੇ*
*ਕੁਝ ਫੁੱਲ...*
*ਕੁਝ ਫੁੱਲ ਖਿੜਦੇ ਬੇਹਰਾਂ 'ਤੇ ਵੀ*
*ਜਿੱਥੇ ਕੋਈ ਨਾ ਵੇਖੇ*
*ਚੁੱਪਚਾਪ ਮਰ ਜਾਂਦੇ 'ਕੱਲੇ*
*ਅਣਛੂਹੇ ਅਣਵੇਖੇ*
*ਅਣਗਾਹੇ ਹੀ ਗੀਤ ਉਨ੍ਹਾਂ ਦੇ*
*ਖਿੱਲਰ ਜਾਣ ਚੁਫ਼ੇਰੇ*
*ਕੁਝ ਫੁੱਲ ...*[14]

ਅਰਤਿੰਦਰ ਸੰਧੂ ਦੀ ਕਵਿਤਾ ਦਾ ਵਿਸ਼ੇਸ਼ ਗੁਣ ਸਹਿਜਤਾ ਅਤੇ ਰਵਾਨਗੀ ਨਾਲ ਜ਼ਿੰਦਗੀ ਦੇ ਆਮ ਪਰ ਖਾਸ ਮਸਲਿਆਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਚਿਤਰਣਾ ਹੈ। ਜ਼ਿੰਦਗੀ ਦੀ ਘੁੰਮਣ ਘੇਰੀ ਵਿਚ, ਸੁਪਨਿਆਂ, ਮਨ ਦੇ ਉਤਰਾਵਾਂ, ਚੜ੍ਹਾਵਾ ਵਿਚ ਚਾਨਣ ਦੀ ਚਿਣਗ ਭਾਲਦਾ ਸੋਚ ਦੇ ਵਿਚ ਲਗਾਤਾਰ ਪਿਆ ਰਹਿਣ ਵਾਲਾ ਮਨੁੱਖ ਮਨ ਦੇ ਤੁਫਾਨਾਂ ਵਿਚ ਘਿਰਿਆ ਕਈ ਪ੍ਰਕਾਰ ਦੀਆਂ ਸੋਚਾਂ ਸੋਚਦਾ ਰਹਿੰਦਾ ਹੈ। ਸੰਧੂ ਲਿਖਦੀ ਹੈ ਕਿ ਮਨੁੱਖ ਨੂੰ ਹਮੇਸ਼ਾਂ ਹੋਰ ਲੋਕਾਂ ਵੱਲ ਸਹੀ ਜਾਂ ਗਲਤ ਪੱਖ ਤੋਂ ਸੋਚਣ ਦੀ ਬਜਾਏ ਆਪਣੇ ਆਪੇ ਵੱਲ ਝਾਤ ਮਾਰਨੀ ਚਾਹੀਦੀ ਹੈ ਤਾਂ ਜੋ ਆਪਣੀਆਂ ਗਲਤੀਆਂ ਨੂੰ ਲੱਭਦੇ ਹੋਏ ਇਨ੍ਹਾਂ ਨੂੰ ਸੁਧਾਰਿਆ ਜਾ ਸਕੇ। ਇਹ ਕਵਿਤਾ ਸੰਵੇਦਨਾ ਤੋਂ ਚੇਤਨਾ ਦਾ ਸਫ਼ਰ ਤੈਅ ਕਰਦੀ ਹੈ ਅਤੇ ਆਪਣੇ ਜੀਵਨ ਸਫ਼ਰ ਦਾ ਲੇਖਾ ਜੋਖਾ ਕਰਦੀ ਹੈ।

*ਮੇਰੀ ਸੋਚ ਦੀਏ ਡਾਚੀਏ*
*ਕਦੇ ਸਫ਼ਰ ਆਪਣੇ ਵਾਚੀਏ*
*ਤੇਰੀ ਤੋਰ ਵਿਚ ਮਚਲਦੀਆਂ*
*ਤੇਰੀ ਹੋਂਦ ਦੀਆਂ ਟੱਲੀਆਂ*
*ਅਣਦਿਸਦੇ ਪੰਧ ਸਰਾਪ ਨੇ*
*ਕਦੇ ਜ਼ਿੰਦਗੀ ਦਾ ਸੁਆਬ ਨੇ*
*ਇਹ ਖੇਡ ਦਾ ਹੀ ਹੈ ਕਮਾਲ*
*ਰੁਕਣਾ ਤੇ ਤੁਰਨਾ ਵੀ ਮੁਹਾਲ*
*ਮੇਰੀ ਸੋਚ ਦੀਏ ਡਾਚੀਏ*
*ਕਦੇ ਖ਼ੁਦ ਨੂੰ ਵੀ ਵਾਚੀਏ*[15]

ਗਰੀਬੀ ਦੀ ਦਾਸਤਾਨ ਪੇਸ਼ ਕਰਦੀ ਅਰਤਿੰਦਰ ਕਵਿਤਾ 'ਬੇਵਸੀ' ਵਿਚ ਜ਼ਿੰਦਗੀ ਨੂੰ ਉਲਾਮ੍ਹਾ ਦਿੰਦੀ ਹੈ ਕਿ ਕਿਸੇ ਗਰੀਬ ਵਿਅਕਤੀ ਦੀ ਜ਼ਿੰਦਗੀ ਕਈ ਵਾਰ ਇੰਨੀ ਗੁਰਬਤ ਭਰੀ ਹੁੰਦੀ ਹੈ ਕਿ ਉਸਨੂੰ ਰੋਟੀ, ਕੱਪੜੇ ਅਤੇ ਮਕਾਨ ਦੀ

ਮੁਢਲੀ ਜ਼ਰੂਰਤ ਤੋਂ ਵੀ ਵਾਂਝਾ ਰਹਿਣਾ ਪੈਂਦਾ ਹੈ। ਸਾਰਾ ਦਿਨ ਮਿਹਨਤ ਮਜ਼ਦੂਰੀ ਕਰਕੇ ਵੀ ਗਰੀਬ ਮਹਿੰਗਾਈ ਦੇ ਇਸ ਦੌਰ ਵਿਚ ਦੋ ਵਕਤ ਦੀ ਰੋਟੀ ਲਈ ਤਰਸਦਾ ਹੈ। ਅਜਿਹੀ ਸਥਿਤੀ ਵਿਚ ਜੀਵਨ ਬਤੀਤ ਕਰਦੇ ਲੋਕਾਂ ਦੀ ਸਾਰ ਰਾਜਸੀ ਲੀਡਰ ਵੀ ਸਿਰਫ਼ ਵੋਟਾਂ ਦੌਰਾਨ ਹੀ ਲੈਂਦੇ ਹਨ। ਭਾਰਤੀ ਰਾਜਸੀ ਠੇਕੇਦਾਰ ਝੂਠੇ ਲਾਰਿਆਂ ਨਾਲ ਵੋਟਾਂ ਪਿੱਛੋਂ ਮਤਲਬ ਨਿਕਲ ਜਾਣ ਤੇ ਗਰੀਬਾਂ ਦੀ ਗੁਰਬਤ ਭਰੀ ਜ਼ਿੰਦਗੀ ਵੱਲ ਇਕ ਪਲ ਲਈ ਵੀ ਨਹੀਂ ਦੇਖਦੇ। ਜਿਸ ਕਾਰਨ ਆਰਥਿਕ ਪੱਖੋਂ ਗਰੀਬ ਲੋਕ ਹੋਰ ਮਾੜੀ ਹਾਲਤ ਵੱਲੇ ਧੱਕੇ ਜਾਂਦੇ ਹਨ। ਅਰਤਿੰਦਰ ਇਸ ਪੀੜ ਨੂੰ ਪੇਸ਼ ਕਰਦੀ ਲਿਖਦੀ ਹੈ:-

*ਆਈ ਹੀ ਸੈਂ ਜੇ ਜ਼ਿੰਦਗੀ*
*ਲੈ ਆਉਂਦੀ ਕੁਝ ਸਮਾਨ ਵੀ*
*ਪੈਰਾਂ ਲਈ ਜ਼ਮੀਨ ਤੇ*
*ਸਿਰ ਵਾਸਤੇ ਆਸਮਾਨ ਵੀ...*
*ਕੁਝ ਸ਼ਬਦ ਤਾਂ ਰੱਖਦੀ ਸਾਡੇ*
*ਜੀਣ ਵਿਚਲੀ ਪੀੜ ਲਈ*[16]

ਅਰਤਿੰਦਰ ਕਿਸਾਨੀ ਅੰਦੋਲਨ ਨੂੰ ਸਮਰਪਿਤ, ਕਿਸਾਨੀ ਮੰਦਹਾਲੀ ਤੇ ਕਿਸਾਨਾਂ ਦੀਆਂ ਸਿੱਕਾ, ਸੱਧਰਾਂ, ਲੋੜਾਂ, ਥੁੜਾਂ ਦਾ ਚਰਚਾ ਕਰਦੀ ਹੈ। ਕਿਸਾਨੀ ਜੀਵਨ ਦੇ ਸੰਘਰਸ਼ ਨੂੰ ਵਿਚਾਰਦੀ ਕਿਸਾਨਾਂ ਦੇ ਹੱਕ ਵਿਚ ਖਲੋਤੀ ਕਿਸਾਨੀ ਜੀਵਨ ਦੀ ਬਿਹਤਰੀ ਅਤੇ ਖ਼ੁਸ਼ਹਾਲੀ ਦੀ ਕਾਮਨਾ ਕਰਦੀ ਹੈ। ਅਰਤਿੰਦਰ ਅੱਛੇ ਦਿਨਾਂ ਦੀ ਆਸ ਅਤੇ ਸਿਆਸਤ ਤੇ ਚੋਟ ਮਾਰਦੀ ਹੈ ਜਿਹੜੇ ਆਪਣੀਆਂ ਕੋਝੀਆਂ ਚਾਲਾਂ ਨੂੰ ਪੂਰੀਆਂ ਕਰਨ ਲਈ ਆਮ ਮਨੁੱਖ ਨੂੰ ਮੂਰਖ ਬਣਾ ਕੇ ਚੰਗੇ ਦਿਨ ਲਿਆਉਣ ਦੀ ਝੂਠੀ ਆਸ ਵਿਚ ਆਪਣੇ ਮਤਲਵ ਲਗਾਤਾਰ ਕੱਢ ਰਹੇ ਹਨ।

*ਲਿਖ ਰਹੇ ਨੇ ਅਕਲਦਾਨ*
*ਸੂਤਰ ਸਾਡੇ ਜੀਣ ਦੇ*
*ਸਰਘੀਆਂ ਦੇ ਲਾਰਿਆਂ ਦੇ*
*ਹੱਥ ਵਿਚ ਸਲਫਾਸ ਲਈ ...*
*ਤ੍ਰੇਲ ਦੇ ਤੁਪਕੇ ਹੀ ਨਿਕਲੇ*
*ਜ਼ਿੰਦਗੀ ਦੀ ਪਿਆਸ ਲਈ*[17]

ਸੰਧੂ ਬਾਬੇ ਨਾਨਕ ਦੀ ਸੋਚ ਨੂੰ ਵਿਸਥਾਰਨ ਦੀ ਚਾਹਵਾਨ ਹੈ। ਉਹ ਚਾਹੁੰਦੀ ਹੈ ਕਿ ਬਾਬੇ ਨਾਨਕ ਦੇ ਮਾਨਵੀ ਫਲਸਫੇ ਨੂੰ ਦੁਬਾਰਾ ਵਿਚਾਰਿਆ ਤੇ ਪ੍ਰਸਾਰਿਆ ਜਾਣਾ ਸਮੇਂ ਦੀ ਲੋੜ ਹੈ। ਅਜਿਹਾ ਕਰਕੇ ਹੀ ਅਜੋਕੇ ਪੂੰਜੀਵਾਦੀ ਦੌਰ ਵਿਚ, ਪੈਸੇ ਪਿੱਛੇ ਦੌੜ ਵਿਚ ਗਰਕ ਰਹੀ ਮਨੁੱਖਤਾ ਨੂੰ ਸਮਾਨਤਾ ਅਤੇ ਸਾਂਝੀਵਾਲਤਾ ਦਾ ਸਬਕ ਸਿੱਖਿਆ ਜਾ ਸਕਦਾ ਹੈ। ਅਰਤਿੰਦਰ ਅਜੋਕੇ ਦੌਰ ਵਿਚ ਬਾਬੇ ਨਾਨਕ ਦੇ ੧ਓ ਵਾਲੇ ਮਾਨਵੀ ਜੀਵਨ ਫਲਸਫੇ ਨੂੰ ਮੋੜ ਲਿਆਉਣ ਦੀ ਇੱਛਾ ਜਾਹਰ ਕਰਦੀ ਹੈ। ਉਹ ਕਪਟੀ ਰਾਜਸੀ, ਸਮਾਜਿਕ ਤੇ ਨਾ-ਬਰਾਬਰੀ ਵਾਲੇ ਆਰਥਿਕ ਸਿਸਟਮ ਵਿਚ ਸਰਬ-ਸਾਂਝੀਵਾਲਤਾ ਚਾਹੁੰਦੀ ਹੈ ਜਿਸ ਨਾਲ ਮਾਨਵਤਾ ਨੂੰ ਇਕ ਸੂਤਰ ਵਿਚ ਬੰਨ੍ਹਿਆ ਜਾ ਸਕੇ। ਉਹ ਲਿਖਦੀ ਹੈ :-

*ਨਾਨਕ ਦੇ ਸਾਰੇ ਸਫ਼ਰਾਂ ’ਤੇ ਇਕ ਗੇੜਾ ਲਾਇਆ ਜਾਵੇ*
*ਲੋਕਾਂ ਦੇ ਉਸ ਮਸੀਹੇ ਦੇ ਮਕਸਦ ਨੂੰ ਉਠਾਇਆ ਜਾਵੇ*
*ਇਸ ਚਾਨਣ ਮੱਤੇ ਯਾਦ ਦਿਵਸ ਨੂੰ ਇੰਜ ਮਨਾਇਆ ਜਾਵੇ*
*ਮਾਤਾ ਧਰਤ ਦੇ ਚਿਹਰੇ ਤੋਂ ਧੂੰਏ ਨੂੰ ਹਟਾਇਆ ਜਾਵੇ...*
*ਕਿਰਤ ਕਰਨ ਤੇ ਵੰਡ ਖਾਣ ਜ਼ਿੰਦਗੀ ’ਚ ਵਸਾਇਆ ਜਾਵੇ*
*ਹਰ ਇਕ ਵੇਰਵੇ ਦੇ ਹਿੱਸੇ ਏਸੇ ਮੋਹ ਨੂੰ ਪੁਚਾਇਆ ਜਾਵੇ*[18]

ਸਮੁੱਚੇ ਰੂਪ ਵਿਚ ਅਰਤਿੰਦਰ ਸੰਧੂ ਦੀ ਕਵਿਤਾ ਵਿਚੋਂ ਮਾਨਵੀ ਜੀਵਨ ਦੇ ਵਿਭਿੰਨ ਪਾਸਾਰਾਂ ਦੇ ਦੀਦਾਰ ਹੁੰਦੇ ਹਨ। ਜਿਸ ਵਿਚ ਉਹ ਬਹੁਤ ਹੀ ਗੰਭੀਰ, ਆਮ ਪਰ ਖਾਸ, ਇਤਿਹਾਸਕ ਵਿਰਸੇ ਦੇ ਵਿਭਿੰਨ ਪਹਿਲੂਆਂ, ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਭਾਸ਼ਾ ਪ੍ਰਤੀ ਚਿੰਤਾ ਜਾਹਰ ਕਰਦੀ ਹੈ, ਨਸ਼ਿਆਂ ਦੀ ਨੌਜਵਾਨਾਂ ਵਿਚ ਵਧਦੀ ਆਦਤ, ਆਰਥਿਕ ਸੰਕਟ, ਵਾਤਾਵਰਨ ਦੀ ਹਾਨੀ, ਕਿਸਾਨੀ ਲੁੱਟ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਰਾਜਸੀ ਕੂਟਨੀਤੀ, ਗਰੀਬ ਦੀ ਜ਼ਿੰਦਗੀ ਦੇ ਔਖੇ ਪੈਂਡੇ, ਨਾਰੀ ਮਨ ਦੀਆਂ ਗੁੰਝਲਾਂ, ਰੀਝਾਂ, ਭਾਵਨਾਵਾਂ ਅਤੇ ਅੰਤਰਦਵੰਦਾਂ ਨੂੰ ਆਪਣੀ ਕਵਿਤਾ ਦੀ ਧੀਮੀ ਸੁਰ ਵਿਚ ਸਹਿਜ ਸੁਭਾਅ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ। ਅਰਤਿੰਦਰ ਦੀਆਂ ਕਵਿਤਾਵਾਂ ਵਿਚੋਂ ਮਨੁੱਖ ਦੇ ਜੀਵਨ ਦੀ ਖ਼ੁਸ਼ੀ, ਗ਼ਮੀ, ਢਾਹੂ ਅਤੇ ਉਸਾਰੂ ਹਰ ਤਰ੍ਹਾਂ ਦੀ ਝਲਕ ਨੂੰ ਦੇਖਿਆ ਜਾ ਸਕਦਾ ਹੈ। ਕਵਿੱਤਰੀ ਰਾਜਸੀ ਸ਼ੋਸ਼ਣ ਅਤੇ ਦਮਨਕਾਰੀ ਨੀਤੀ ਨੂੰ ਮਨੁੱਖ ਦੀ ਤ੍ਰਸਾਦਿਕ ਸਥਿਤੀ ਦੇ ਕਾਰਨ ਵਜੋਂ ਚਿਤਰਦੀ ਹੈ। ਇਸ ਤਰ੍ਹਾਂ ਸੰਧੂ ਕਾਵਿ ਦਾ ਉਦੇਸ਼ ਸਮਕਾਲੀ ਜੀਵਨ ਵਰਤਾਰੇ ਵਿਚ ਮਾਨਵੀ ਜੀਵਨ ਦੇ ਸੰਯੋਗ, ਵਿਯੋਗ, ਆਸ਼ਾ, ਨਿਰਾਸ਼ਾ, ਵਿਛੋੜੇ, ਮਿਲਾਪ, ਸਮਾਜੀ, ਰਾਜਸੀ, ਆਰਥਿਕ, ਧਾਰਮਿਕ, ਭਾਸ਼ਾਈ, ਸਭਿਆਚਾਰਕ ਅਤੇ ਲੋਕਧਾਰਾਈ ਵਰਤਾਰੇ ਨੂੰ ਚਿਤਰਣਾ ਹੋ ਨਿਬੜਦਾ ਹੈ। ਤਾਂ ਜੋ ਜੀਵਨ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਜਾਣੂ ਹੋ ਕੇ ਇਸ ਦੀ ਬਿਹਤਰੀ ਲਈ ਕੋਈ ਸਾਰਥਕ

ਰਾਹ ਲੱਭਿਆ ਜਾ ਸਕੇ। ਜਿਹੜਾ ਮਾਨਵੀ ਆਪੇ ਦੀ ਭਲਾਈ ਦਾ ਰਾਹ ਹੋਏ ਤੇ ਮਨੁੱਖ ਦੀ ਕੁਦਰਤ ਤੇ ਕਾਦਰ ਨਾਲ ਸਾਂਝ ਬਣੀ ਰਹੇ ਸਕੇ। ਸੰਧੂ ਕਾਵਿ ਮਨੁੱਖ ਨੂੰ ਆਪਣੇ ਅਸਲ ਜੀਵਨ ਉਦੇਸ਼ ਪ੍ਰਤੀ ਚੇਤਨ ਅਤੇ ਸੁਚੇਤ ਕਰਦਾ ਹੈ। ਉਹ ਵਿਸ਼ਵੀਕਰਨ ਦੀ ਚਕਾਚੌਂਧ ਵਿਚ ਮਾਨਵੀ ਸੰਵੇਦਨਾ ਦੇ ਖੁਰਦੇ ਜਾ ਰਹੇ ਅਹਿਸਾਸਾਂ ਦਾ ਬਿਆਨ ਕਰਦੀ ਹੈ। ਇਹ ਅਹਿਸਾਸ ਮਾਨਵੀ ਚੇਤਨਾ ਨੂੰ ਹਲੂਣਾ ਦੇ ਕੇ ਜਗਾਉਣ ਅਤੇ ਮਾਨਵਤਾ ਦੀ ਬਿਹਤਰੀ ਲਈ ਯਤਨਸ਼ੀਲ ਰਹਿਣ ਦਾ ਸੁਨੇਹਾ ਦਿੰਦੇ ਹਨ। ਅਰਤਿੰਦਰ ਨੇ ਕੁਦਰਤੀ ਤੇ ਸਮਾਜਿਕ ਪ੍ਰਤੀਕਾਂ ਦੀ ਵਰਤੋਂ ਮਨੁੱਖੀ ਜੀਵਨ ਦੇ ਵਿਭਿੰਨ ਪੱਖਾਂ ਨੂੰ ਪ੍ਰਗਟਾਉਣ ਲਈ ਕੀਤੀ ਹੈ। ਉਸਦੀ ਕਾਵਿ ਭਾਸ਼ਾ ਸਹਿਜ, ਸਧਾਰਨ ਅਤੇ ਰਵਾਨਗੀ ਭਰਪੂਰ ਹੈ ਜੋ ਪਾਠਕ ਨੂੰ ਸਹਿਜ ਰੂਪ ਵਿਚ ਸਮਝ ਆਉਂਦੀ ਜਾਂਦੀ ਹੈ ਅਤੇ ਪਾਠਕ ਕਵਿਤਾਵਾਂ ਦੇ ਵਿਚਾਰ ਦੀ ਰਵਾਨਗੀ ਵਿਚ ਅੱਗੇ ਹੀ ਅੱਗੇ ਲਗਾਤਾਰ ਕਵਿਤਾ ਪੜ੍ਹਦਾ ਜਾਂਦਾ ਹੈ। ਇਹੀ ਅਰਤਿੰਦਰ ਸੰਧੂ ਦੀ ਕਾਵਿ ਸਿਰਜਣਾ ਦਾ ਵੱਡਾ ਹਾਸਿਲ ਹੋ ਨਿਬੜਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਮੋਹਨ ਸਿੰਘ ਤਿਆਗੀ (ਡਾ.) (ਸੰਪਾ.), 'ਚਾਨਣੀ ਦੇ ਦੇਸ ਵਿਚ, ਯੂਨੀਸਟਾਰ ਬੁੱਕਸ, ਅੰਮ੍ਰਿਤਸਰ, 2023, ਪੰਨਾ: 11*
2. *-ਉਹੀ-, ਪੰਨਾ: 24*
3. *-ਉਹੀ-, ਪੰਨਾ: 26*
4. *-ਉਹੀ-, ਪੰਨਾ: 58*
5. *-ਉਹੀ-, ਪੰਨਾ: 29*
6. *-ਉਹੀ-, ਪੰਨਾ: 31*
7. *-ਉਹੀ-, ਪੰਨਾ: 34*
8. *-ਉਹੀ-, ਪੰਨਾ: 35*
9. *-ਉਹੀ-, ਪੰਨਾ: 37*
10. *-ਉਹੀ-, ਪੰਨਾ: 42*
11. *ਉਹੀ, ਪੰਨਾ 43*
12. *-ਉਹੀ-, ਪੰਨਾ: 60*
13. *-ਉਹੀ-, ਪੰਨਾ: 65*
14. *-ਉਹੀ-, ਪੰਨਾ: 87*
15. *-ਉਹੀ-, ਪੰਨਾ: 115*
16. *-ਉਹੀ-, ਪੰਨਾ: 139*
17. *-ਉਹੀ-, ਪੰਨਾ: 142*
18. *-ਉਹੀ-, ਪੰਨਾ: 155*